*Waheguru Ji Ka Khalsa,*
*Waheguru Ji Ki Fateh*

*Today’s Hukamnama* *Friday 09-10-2026*

ਰਾਗੁ ਧਨਾਸਰੀ ਬਾਣੀ ਭਗਤ ਕਬੀਰ ਜੀ ਕੀ

Raag Dhanaasaree, The Word Of Devotee Kabeer Jee:

ਰਾਗ ਧਨਾਸਰੀ ਪੂਜਯ ਸਾਧੂ ਕਬੀਰ ਜੀ ਦੇ ਸ਼ਬਦ।

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ।

ਸਨਕ ਸਨੰਦ ਮਹੇਸ ਸਮਾਨਾਂ ॥ ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥੧॥

Beings like Sanak, Sanand, Shiva and Shaysh-naaga - none of them know Your mystery, Lord. ||1||

ਸਨਕ, ਸਨੰਦ, ਸ਼ਿਵਜੀ ਅਤੇ ਸ਼ੇਸ਼ਨਾਗ ਵਰਗੀਆਂ ਵਿਅਕਤੀਆਂ, ਤੇਰੇ ਭੇਦ ਨੂੰ ਨਹੀਂ ਜਾਣਦੀਆਂ, ਹੇ ਸੁਆਮੀ!

ਸੰਤਸੰਗਤਿ ਰਾਮੁ ਰਿਦੈ ਬਸਾਈ ॥੧॥ ਰਹਾਉ ॥

In the Society of the Saints, the Lord dwells within the heart. ||1||Pause||

ਸਾਧੂਆਂ ਦੀ ਸੰਗਤ ਰਾਹੀਂ ਸਰਬ-ਵਿਆਪਕ ਸੁਆਮੀ ਹਿਰਦੇ ਅੰਦਰ ਟਿੱਕ ਜਾਂਦਾ ਹੈ।

ਹਨੂਮਾਨ ਸਰਿ ਗਰੁੜ ਸਮਾਨਾਂ ॥ ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥੨॥

Beings like Hanumaan, Garura, Indra the King of the gods and the rulers of humans - none of them know Your Glories, Lord. ||2||

ਹਨੂਮਾਨ ਵਰਗੀਆਂ ਵਿਅਕਤੀਆਂ, ਗਰੜ ਜੈਸੇ ਜੀਵਾਂ, ਦੇਵਤਿਆਂ ਦੇ ਸੁਆਮੀ ਇੰਦਰ ਅਤੇ ਮਨੁੱਖਾਂ ਦੇ ਸੁਆਮੀ–ਬ੍ਰਹਮਾ, ਤੇਰੀਆਂ ਉਤਕ੍ਰਿਸ਼ਟਤਾਈਆਂ ਨੂੰ ਨਹੀਂ ਜਾਣਦੇ, ਹੇ ਮਾਲਕ!

ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ ॥ ਕਮਲਾਪਤਿ ਕਵਲਾ ਨਹੀ ਜਾਨਾਂ ॥੩॥

The four Vedas, the Simritees and the Puraanas, Vishnu the Lord of Lakshmi and Lakshmi herself - none of them know the Lord. ||3||

ਚਾਰੇ ਵੇਦ, ਸਤਾਈ ਸਿੰਮਰਤੀਆਂ, ਅਠਾਰਾਂ ਪੁਰਾਣ, ਲਖਸ਼ਮੀ ਦਾ ਪਤੀ ਵਿਸ਼ਨੂੰ ਅਤੇ ਲਖਸ਼ਮੀ, ਸਾਹਿਬ ਨੂੰ ਨਹੀਂ ਸਮਝਦੇ।

ਕਹਿ ਕਬੀਰ ਸੋ ਭਰਮੈ ਨਾਹੀ ॥ ਪਗ ਲਗਿ ਰਾਮ ਰਹੈ ਸਰਨਾਂਹੀ ॥੪॥੧॥

Says Kabeer, one who falls at the Lord's feet, and remains in His Sanctuary, does not wander around lost. ||4||1||

ਕਬੀਰ ਜੀ ਆਖਦੇ ਹਨ ਕਿ ਉਹ ਜੂਨੀਆਂ ਅੰਦਰ ਨਹੀਂ ਭਟਕਦਾ, ਜੋ ਪ੍ਰਭੂ ਦੇ ਪੈਰਾਂ ਨੂੰ ਪਰਸਦਾ ਹੈ ਅਤੇ ਉਸ ਦੀ ਪਨਾਹ ਹੇਠਾਂ ਰਹਿੰਦਾ ਹੈ।

ਅੰਗ ੬੯੧